# ੴ

# ਗੁਰਬਾਣੀ ਵਿਚਾਰੁ

## 81

# ਸੰਗਤਿ

ਸਤਸੰਗਤਿ ਕੈਸੀ ਜਾਣੀਐ ॥

## ਭਾਗ – ੪

## ‘ਖੋਜੀ’

# ਸੰਗਤਿ

## ਭਾਗ-4

ਇਸ ਲੇਖ ਦੀ ਲੜੀ ਦੇ ਪਿਛਲਿਆਂ ਤਿੰਨਾਂ ਭਾਗਾਂ ਵਿਚ **'ਸੰਗਤਿ'** ਦੀ ਬਾਬਤ ਸਰਸਰੀ ਤੌਰ ਤੇ ਵਿਚਾਰ ਕੀਤੀ ਗਈ ਹੈ ।

ਅਗਲਿਆਂ ਭਾਗਾਂ ਵਿਚ ਇਸ ਵਿਸ਼ੇ ਦੇ **ਡੂੰਘਿਆਂ-ਗੁੱਝਿਆਂ ਭਾਵਾਂ ਅਤੇ ਭੇਦਾਂ** ਨੂੰ ਗੁਰਬਾਣੀ ਦੀ ਰੋਸ਼ਨੀ ਵਿਚ ਦ੍ਰਿਸ਼ਟਾਉਣ ਦਾ ਉਦਮ ਕੀਤਾ ਜਾਵੇਗਾ ।

ਪਿਛਲੇ ਲੇਖ ਵਿਚ ਦੱਸਿਆ ਜਾ ਚੁਕਿਆ ਹੈ ਕਿ **'ਸੰਗਤਿ' ਹੀ ਜੀਵਨ ਨੂੰ** –

| | | |
|---|---|---|
| ਚੰਗਾ | ਯਾ | ਮਾੜਾ |
| ਸੁਖਦਾਈ | ਯਾ | ਦੁਖਦਾਈ |
| ਅਰੋਗ | ਯਾ | ਰੋਗੀ |
| ਪ੍ਰਫੁੱਲਤ | ਯਾ | ਮੁਰਝਾਇਆ |
| ਸ਼ਾਂਤ | ਯਾ | ਅਸ਼ਾਂਤ |
| ਨੇਕ | ਯਾ | ਬਦ |
| ਮੁਕਤ | ਯਾ | ਬੰਧਨ |
| ਸੁਰਗ | ਯਾ | ਨਰਕ |
| ਚੜ੍ਹਦੀਆਂ ਕਲਾਂ | ਯਾ | ਢਹਿੰਦੀਆਂ ਕਲਾਂ |
| ਨਿਰਮਲ | ਯਾ | ਮਲੀਨ |
| ਕਾਮਯਾਬ | ਯਾ | ਨਿਸਫਲ |
| ਯਾਦ | ਯਾ | ਭੁੱਲ |
| ਰਸਦਾਇਕ | ਯਾ | ਫੋਕਾ |
| ਦੈਵੀ | ਯਾ | ਮਾਇਕੀ |

**ਬਣਾਉਣ ਲਈ ਅਤਿਅੰਤ ਮਹੱਤਵਪੂਰਨ ਸਾਧਨ ਯਾ ਜ਼ਰੀਆ ਹੈ ।**

ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥ (ਪੰਨਾ-੧੩੬੯)

ਕਾਹੂ ਦਸ਼ਾ ਕੇ ਪਵਨ ਗਵਨ ਕੈ ਬਰਖਾ ਹੈ
ਕਾਹੂ ਦਸ਼ਾ ਕੋ ਪਵਨ ਬਾਦਰ ਬਿਲਾਤ ਹੈ ।

ਕਾਹੂ ਜਲ ਪਾਨ ਕੀਏ ਰਹਤ ਅਰੋਗ ਦੇਹੀ
ਕਾਹੂ ਜਲ ਪਾਨ ਬਿਆਪੈ ਬ੍ਰਿਥਾ ਬਿਲਲਾਤ ਹੈ ।
ਕਾਹੂ ਗ੍ਰਿਹ ਕੀ ਅਗਨਿ ਪਾਕ ਸਾਕ ਸਿਧਿ ਕਰੈ
ਕਾਹੂ ਗ੍ਰਿਹ ਕੀ ਅਗਨਿ ਭਵਨ ਜਰਾਤ ਹੈ ।
**ਕਾਹੂ ਕੀ ਸੰਗਤਿ ਮਿਲਿ ਜੀਵਨ ਮੁਕਤਿ ਹੋਇ**
**ਕਾਹੂ ਕੀ ਸੰਗਤਿ ਮਿਲਿ ਜਮਪੁਰਿ ਜਾਤ ਹੈ ॥** (ਕਾ. ਭਾ. ਗੁ. ੫੪੯)

ਪਰ ਅਸੀਂ ਆਪਣੀ ਬਣਾਈ ਹੋਈ ਮਾਨਸਿਕ ਜੀਵਨ ਰੋੜ੍ਹ (routine) ਵਿਚ ਇਤਨੇ ਰੁੱਝੇ ਅਤੇ ਗਲਤਾਨ ਹੋਏ ਹੋਏ ਹਾਂ, ਕਿ ਸਾਨੂੰ ਆਪੋ-ਆਪਣੇ ਘੜੇ ਹੋਏ ਅਥਵਾ ਦ੍ਰਿੜ੍ਹ ਹੋਏ ਮਾਨਸਿਕ ਦਾਇਰੇ ਤੋਂ ਬਾਹਰ **ਤੱਕਣ ਅਤੇ ਇਸਨੂੰ ਪਰਖਣ** ਦੀ ਲੋੜ ਹੀ ਨਹੀਂ ਭਾਸਦੀ ।

ਕੁਦਰਤੀ ਤੌਰ ਤੇ ਸਾਡੇ ਮਨ ਦਾ ਰੁਝਾਨ ਯਾ 'ਰੋੜ੍ਹ' ਨੀਵੇਂ ਪਾਸੇ ਵੱਲ ਹੋਣ ਕਰਕੇ, 'ਜੀਵ' ਬਹੁਤ ਛੇਤੀ ਨੀਵੀਆਂ ਅਤੇ ਮਲੀਨ ਰੁਚੀਆਂ ਦੀ 'ਸੰਗਤ' ਵੱਲ ਖਿੱਚਿਆ ਜਾਂਦਾ ਹੈ ।

ਉਦਾਹਰਣ ਦੇ ਤੌਰ ਤੇ ਸ਼ਰਾਬ ਦੇ ਅਮਲੀ ਨੂੰ ਮਹਿਸੂਸ ਭੀ ਹੋ ਜਾਏ ਕਿ ਸ਼ਰਾਬ ਅਤਿਅੰਤ ਬੁਰੀ, ਹਾਨੀਕਾਰਕ ਅਤੇ ਦੁਖਦਾਈ ਹੈ ਅਤੇ ਉਹ ਆਪਣੇ ਉਪਰਲੇ ਮਨ ਨਾਲ ਫੈਸਲਾ ਭੀ ਕਰਦਾ ਹੈ ਕਿ ਅਗਾਂਹ ਵਾਸਤੇ ਸ਼ਰਾਬ ਛੱਡ ਦੇਣੀ ਹੈ । ਪਰ ਜਦ ਭੀ ਸ਼ਰਾਬ ਦੇ ਠੇਕੇ ਦੇ ਕੋਲ ਦੀ ਲੰਘਦਾ ਹੈ ਯਾ ਕਿਸੇ ਹੋਰ ਸ਼ਰਾਬੀ ਦੀ 'ਸੰਗਤ' ਹੁੰਦੀ ਹੈ ਤਾਂ ਉਸ ਦੇ ਸੰਸਕਾਰਾਂ ਵਿਚ ਧਸੀ-ਵਸੀ-ਰਸੀ ਹੋਈ ਸ਼ਰਾਬ ਦੀ **ਰੁਚੀ** ਫਿਰ ਜਾਗ ਪੈਂਦੀ ਹੈ ਅਤੇ ਉਹ ਫਿਰ ਪੀ ਲੈਂਦਾ ਹੈ । ਇਸ ਤਰ੍ਹਾਂ ਉਹ ਆਪੂੰ ਘੜੀ ਹੋਈ ਰੁਚੀ ਅਥਵਾ ਸੁਭਾਉ ਦਾ **ਗੁਲਾਮ ਹੋ ਜਾਂਦਾ ਹੈ** ਅਤੇ ਉਸ ਦੇ ਮਨ ਦੇ ਓਪਰੇ **ਜਿਹੇ ਫੈਸਲੇ ਨਿਸਫਲ ਜਾਂਦੇ ਹਨ।**

ਇਸ ਤੋਂ ਸਪਸ਼ਟ ਹੈ ਕਿ ਜੀਵ ਆਪੂੰ ਘੜੀਆਂ ਹੋਈਆਂ ਆਦਤਾਂ, ਰੁਚੀਆਂ ਅਥਵਾ ਸੰਸਕਾਰਾਂ ਨੂੰ **ਆਪਣੇ ਆਪ ਬਦਲਣ ਵਿਚ ਅਸਮਰੱਥ ਹੈ ।** ਜੀਵ ਦੇ ਮੌਜੂਦਾ ਸੰਸਕਾਰ — ਨੀਵੇਂ ਖ਼ਿਆਲਾਂ, ਕਰਮਾਂ ਅਤੇ ਵਾਤਾਵਰਨ ਦੀ 'ਸੰਗਤ' ਨਾਲ ਬਣੇ ਅਤੇ ਦ੍ਰਿੜ੍ਹ ਹੋਏ ਹਨ। ਇਸ ਲਈ ਦ੍ਰਿੜ੍ਹ ਹੋਏ ਸੰਸਕਾਰਾਂ ਯਾ ਸ਼ਖਸੀਅਤ ਨੂੰ ਬਦਲਣ ਲਈ **ਉਚੀ-ਸੁੱਚੀ ਦਾਮਨਿਕ ਆਤਮਿਕ ਸੰਗਤ ਲਾਜ਼ਮੀ ਹੈ ।**

ਇਹਨਾਂ ਨੀਵੀਆਂ 'ਰੁਚੀਆਂ' ਅਥਵਾ ਨੀਵੀਂ ਸੰਗਤ ਵਿਚ ਗਲਤਾਨ ਹੋ ਕੇ ਸਾਡਾ ਮਨ ਹੋਰ ਭੀ ਮਲੀਨ ਹੋ ਜਾਂਦਾ ਹੈ । ਇਸ ਤਰ੍ਹਾਂ ਸਾਡੇ **ਮਨ ਦੀ 'ਰੁਚੀ' ਉਚੀ ਸੰਗਤ ਵੱਲ 'ਖਿੱਚ ਖਾਣ' ਤੋਂ ਅਸਮਰੱਥ ਹੋ ਜਾਂਦੀ ਹੈ ।** ਇਸ ਹਾਲਤ ਵਿਚ ਸਾਡੇ ਮਨ ਲਈ 'ਸੰਗਤ' ਬਾਬਤ 'ਨਿਰਨਾ ਸ਼ਕਤੀ' ਯਾ **'ਬਿਬੇਕ ਬੁੱਧੀ' ਭੀ ਮੱਧਮ ਯਾ 'ਧੁੰਧਲੀ' ਹੋ ਜਾਂਦੀ ਹੈ ।**

ਦੂਜੇ ਲਫ਼ਜ਼ਾਂ ਵਿਚ 'ਜੀਵਨ' ਨੂੰ ਉੱਚਾ-ਸੁੱਚਾ ਦੈਵੀ ਬਣਾਉਣ ਲਈ ਸਾਡੀ ਮੌਜੂਦਾ ਹਾਲਤ ਨੂੰ **ਪੜਚੋਲਣ, ਪਹਿਚਾਨਣ ਅਤੇ ਪਰਖਣ ਦੀ ਅਤੀ ਲੋੜ ਹੈ**, ਤਾਂ ਕਿ ਅਸੀਂ ਨਿਰਨਾ ਕਰ ਸਕੀਏ, ਕਿ ਸਾਡੇ ਜੀਵਨ ਦੀ **ਮੌਜੂਦਾ ਰੋੜ੍ਹ** ਕਿਹੜੇ ਪਾਸੇ ਜਾ ਰਹੀ ਹੈ। ਇਸ 'ਨਿਰਨੇ' ਤੋਂ ਬਗੈਰ ਸਾਡਾ ਜੀਵਨ ਬਦਲ ਨਹੀਂ ਸਕਦਾ ਅਤੇ ਆਪਣੀ ਪੁਰਾਣੀ ਰੋੜ੍ਹ ਵਿਚ ਹੀ ਰੁੜ੍ਹਿਆ ਜਾਵੇਗਾ।

ਹਉਮੈ ਦੀ ਰੰਗਤ ਵਿਚ ਸਾਨੂੰ ਆਪਣੀਆਂ ਕਮਜ਼ੋਰੀਆਂ, ਊਣਤਾਈਆਂ ਅਤੇ ਅਉਗੁਣਾਂ ਦਾ **ਅਹਿਸਾਸ ਹੀ ਨਹੀਂ** ਹੁੰਦਾ ਅਤੇ ਅਸੀਂ ਭਲੇ-ਭਲੇਰੇ, ਸਿਆਣੇ ਅਤੇ ਅਫਲਾਤੂਨ ਬਣੇ ਫਿਰਦੇ ਹਾਂ।

ਬਲਕਿ, ਮਾਇਕੀ ਰੰਗਤ ਦੀਆਂ ਰੁਚੀਆਂ ਕਾਰਨ ਅਸੀਂ ਹੋਰਨਾਂ ਜੀਵਾਂ ਦੀਆਂ ਊਣਤਾਈਆਂ ਅਤੇ ਅਉਗੁਣਾਂ ਨੂੰ ਚੁਣਦੇ, ਵੇਖਦੇ ਅਤੇ ਵਧਾ-ਚੜ੍ਹਾ ਕੇ ਨਿੰਦਿਆ-ਚੁਗਲੀ ਕਰਕੇ ਸੁਆਦ ਮਾਣਦੇ ਹਾਂ।

ਪਰ ਇਸ ਦੇ ਐਨ ਉਲਟ ਸਾਨੂੰ ਆਪਣੀਆਂ ਊਣਤਾਈਆਂ ਅਤੇ ਅਉਗਣ ਭਰੇ ਵਰਤਮਾਨ ਮਾਇਕੀ ਮਲੀਨ ਜੀਵਨ ਨੂੰ ਪੜਚੋਲਣ, ਪਹਿਚਾਨਣ ਅਤੇ ਪਰਖਣ ਲਈ ਗੁਰਬਾਣੀ ਇਉਂ **ਪ੍ਰੇਰਨਾ ਅਤੇ ਤਾੜਨਾ** ਕਰਦੀ ਹੈ —

ਇਸੁ ਮਨ ਕਉ ਕੋਈ ਖੋਜਹੁ ਭਾਈ ॥ (ਪੰਨਾ-੩੩੦)

ਆਪਣਾ ਆਪੁ ਨ ਪਛਾਣੈ ਮੂੜਾ ਅਵਰਾ ਆਖਿ ਦੁਖਾਏ ॥
(ਪੰਨਾ-੫੪੯)

ਆਪਸ ਕਉ ਬਹੁ ਭਲਾ ਕਰਿ ਜਾਣਹਿ ਮਨਮੁਖਿ ਮਤਿ ਨ ਕਾਈ ॥
ਸਾਧੂ ਜਨ ਕੀ ਨਿੰਦਾ ਵਿਆਪੇ ਜਾਸਨਿ ਜਨਮੁ ਗਵਾਈ ॥ (ਪੰਨਾ-੬੦੧)

ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥ (ਪੰਨਾ-੭੨੭)

ਆਠ ਪਹਰ ਚਿਤਵੈ ਨਹੀ ਪਹੁਚੈ ਬੁਰਾ ਚਿਤਵਤ ਚਿਤਵਤ ਮਰੀਐ ॥ (ਪੰ.-੮੨੩)

ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ
ਓਨ੍ਾ ਪਰਾਇਆ ਭਲਾ ਨ ਸੁਖਾਈ ॥ (ਪੰਨਾ-੮੫੦)

ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥
ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ ॥ (ਪੰਨਾ-੧੨੬੧)

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥ (ਪੰਨਾ-੧੩੭੮)

ਗੁਰਬਾਣੀ ਦੇ ਇਹਨਾਂ ਉਪਦੇਸ਼ਾਂ ਵੱਲ ਅਸੀਂ ਧਿਆਨ ਹੀ ਨਹੀਂ ਦਿੰਦੇ ਯਾ ਓਪਰੇ ਜਿਹੇ ਮਨ ਨਾਲ ਪੜ੍ਹ-ਸੁਣ ਕੇ **ਉਪਰ ਦੀ ਲੰਘ ਜਾਂਦੇ ਹਾਂ।** ਇਸੇ ਕਾਰਨ ਸਾਨੂੰ ਮੌਜੂਦਾ

**ਜੀਵਨ ਦੀ ਗਿਲਾਨੀ ਦਾ ਅਹਿਸਾਸ ਨਹੀਂ ਹੁੰਦਾ** ਅਤੇ ਅਸੀਂ ਆਪਣੀ ਪੁਰਾਣੀ ਗਿਲਾਨੀ ਵਾਲੇ ਨੀਵੇਂ ਜੀਵਨ ਵਿਚ ਹੀ **ਸੰਤੁਸ਼ਟ ਅਤੇ ਮਸਤ ਰਹਿੰਦੇ ਹਾਂ ।**

ਸਾਡੇ ਜੀਵਨ ਅਥਵਾ ਸ਼ਖਸੀਅਤ ਦੇ ਹਰ ਪੱਖ ਵਿਚ ਸਾਡੇ ਸੰਸਕਾਰਾਂ ਦੀ ਦ੍ਰਿੜ੍ਹ ਹੋਈ **'ਰੰਗਤ'** ਅਵੱਸ਼ ਹੀ ਉਘੜ ਕੇ ਸਾਡੇ ਮਾਨਸਿਕ, ਧਾਰਮਿਕ ਅਤੇ ਆਤਮਿਕ ਕਰਮ-ਕ੍ਰਿਆ ਵਿਚ ਪ੍ਰਗਟ ਹੁੰਦੀ ਹੈ । ਦੂਜੇ ਲਫ਼ਜ਼ਾਂ ਵਿਚ ਸਾਡੇ ਖ਼ਿਆਲ, ਨਿਸਚੇ ਅਤੇ ਕਰਤਬ ਹੀ ਜੀਵਨ ਦੀ ਰੰਗਤ ਦਾ **ਪ੍ਰਗਟਾਵਾ** ਹਨ ਅਤੇ ਸਾਡੀ 'ਸ਼ਖਸੀਅਤ' ਦੀ **ਕਸਵੱਟੀ ਹੈ ।**

ਜੇਕਰ ਸਾਡੇ ਖ਼ਿਆਲ ਚੰਗੇ, ਉਤਮ ਦੈਵੀ ਹੋਣ ਤਾਂ ਸਾਡਾ 'ਜੀਵਨ' ਉਚੇਰਾ, ਚੰਗੇਰਾ, ਸੁਹਣੇਰਾ ਅਤੇ ਦੈਵੀ ਬਣ ਸਕਦਾ ਹੈ ।

ਮਾੜੀਆਂ ਅਤੇ ਨੀਵੀਆਂ ਰੁਚੀਆਂ ਵਾਲੇ ਖ਼ਿਆਲਾਂ ਨਾਲ ਅਸੁਰੀ ਅਉਗਣ ਉਪਜਦੇ ਹਨ ਅਤੇ ਅਸੀਂ ਲਬ-ਲੋਭ, ਵੈਰ-ਵਿਰੋਧ ਅਤੇ ਚਿੰਤਾ-ਫ਼ਿਕਰ ਵਿਚ ਹਉਮੈ-ਵੇੜ੍ਹਿਆਂ ਗਿਲਾਨੀ ਵਾਲਾ 'ਜੀਵਨ' ਭੋਗਦੇ ਹਾਂ ਅਤੇ ਦੁਖੀ ਹੁੰਦੇ ਹਾਂ ।

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ-੧੩੩)

ਆਪਣੇ ਜੀਵਨ ਨੂੰ **'ਬਦਲਣ'** ਲਈ ਸਭ ਤੋਂ ਪਹਿਲਾਂ ਸਾਡੇ ਅੰਤ੍-ਆਤਮੇ ਚੰਗੇ-ਮਾੜੇ ਦੀ ਪਹਿਚਾਣ ਜਾਂ 'ਨਿਰਨਾ ਸ਼ਕਤੀ' ਅਥਵਾ **'ਬਿਬੇਕ ਬੁੱਧੀ' ਹੋਣੀ ਜ਼ਰੂਰੀ ਹੈ ।** ਪਰ ਅਫਸੋਸ ਦੀ ਗੱਲ ਇਹ ਹੈ ਕਿ ਸਾਡੀ ਬੁੱਧੀ ਇਤਨੀ ਮਲੀਨ ਹੋ ਗਈ ਹੈ ਕਿ ਅਸੀਂ ਚੰਗਿਆਈ ਅਤੇ ਬੁਰਿਆਈ ਦਾ **'ਨਿਰਨਾ' ਕਰਨ ਤੋਂ ਭੀ ਅਸਮਰੱਥ ਹੋ ਗਏ ਹਾਂ ।** ਆਪਣੀਆਂ ਗਰਜ਼ਾਂ ਦੀ ਪੂਰਤੀ ਲਈ ਮਲੀਨ ਕਰਮਾਂ ਨੂੰ ਭੀ **ਜਾਇਜ਼** ਕਰਾਰ ਦੇਣ ਦੀ ਕੋਸ਼ਿਸ਼ ਕਰਦੇ ਹਾਂ ।

ਇਸ ਨਿਰਨਾ ਸ਼ਕਤੀ ਤੋਂ **ਬਗੈਰ** ਅਸੀਂ ਆਪਣੀ ਪੁਰਾਣੀ ਗਲਤ ਮਲੀਨ 'ਸੰਗਤ' ਅਥਵਾ ਵਾਤਾਵਰਨ ਦੀ 'ਪ੍ਰਣਾਲੀ' ਵਿਚ ਹੀ ਕਰਮ ਕਰਦੇ ਅਤੇ ਨਤੀਜੇ ਭੁਗਤਦੇ ਰਹਾਂਗੇ ।

ਗੁਰਬਾਣੀ ਦੇ ਚਾਨਣ ਵਿਚ **'ਸੰਗਤ'** ਲਫਜ਼ ਦੇ ਅੰਤ੍ਰੀਵ ਭਾਵਾਂ ਦਾ ਨਿਖੇੜ ਕੇ ਨਿਰਨਾ ਕਰਨ ਲਈ ਹੇਠਲੇ ਬਿਉਰੇ ਵਿਚ ਜਤਨ ਕੀਤਾ ਜਾਂਦਾ ਹੈ —

| **ਸੱਚੀ-ਸੁੱਚੀ ਆਤਮਿਕ ਸਤਸੰਗਤ ਅਥਵਾ ਸਾਧ ਸੰਗਤ** | **ਪ੍ਰਚਲਤ ਬਾਹਰਮੁਖੀ ਅਖੌਤੀ ਸੰਗਤ** |
|---|---|
| ਅੰਤ੍-ਮੁਖੀ ਖੇਲ ਹੈ | ਬਾਹਰਮੁਖੀ ਕਰਮ-ਕ੍ਰਿਆ ਹੈ |
| ਆਤਮਿਕ ਵਿਸ਼ਵਾਸ ਹੈ | ਓਪਰਾ ਜਿਹਾ ਵਿਸ਼ਵਾਸ ਹੈ |
| ਆਤਮਿਕ ਗਿਆਨ ਹੈ | ਮਾਇਕੀ ਭਰਮ-ਭੁਲੇਖੇ ਹਨ |

| | |
|---|---|
| 'ਤੂੰ-ਤੇਰੀ' ਹੈ | ਮੈਂ-ਮੇਰੀ ਹੈ |
| ਨਿਰਲੇਪ ਹੈ | ਖੱਚਤ ਹੈ |
| ਸ਼ੁਕਰ ਹੈ | ਸ਼ਿਕਾਇਤ ਹੈ |
| ਪਿਆਰ ਹੈ | ਘਿਰਨਾ ਹੈ |
| ਰਵਾ ਦਾਰੀ ਹੈ | ਈਰਖਾ-ਦਵੈਤ ਹੈ |
| ਮਿਲਵਰਤਣ ਹੈ | ਵੈਰ-ਵਿਰੋਧ ਹੈ |
| ਇਕ ਸੁਰਤਾ ਹੈ | ਧੜੇ ਬਾਜ਼ੀ ਹੈ |
| ਸ਼ਾਂਤੀ ਹੈ | ਅਸ਼ਾਂਤੀ ਹੈ |
| ਆਪਾ ਵਾਰਨਾ ਹੈ | ਖੁਦਗਰਜ਼ੀ ਹੈ |
| 'ਹਥਹੁ ਦੇ ਕੈ ਭਲਾ ਮਨਾਵੈ' ਹੈ | ਲੈ ਕੇ ਖੁਸ਼ ਹੋਣਾ ਹੈ |
| ਸੇਵਾ-ਭਾਵਨੀ ਹੈ | ਸੇਵਾ ਕਰਾਉਣ ਵਾਲੇ ਹਨ |
| ਸਤਸੰਗ ਦਾ ਪਿਆਰ ਹੈ | ਕੁਸੰਗਤ ਦੀ ਰੁਚੀ ਹੈ |
| ਨਾਮ-ਬਾਣੀ ਨਾਲ ਜੁੜੇ ਹਨ | ਮਾਇਆ ਵਿਚ ਗਲਤਾਨ ਹਨ |
| 'ਸੁਖ ਰੈਣ ਵਿਹਾਣੀ' ਹੈ | ਦੁੱਖ-ਕਲੇਸ਼ ਵਿਚ ਕਲਪਦੇ ਹਨ |
| ਪ੍ਰਿਮ ਖੇਲ ਹੈ | ਮੋਹ-ਮਾਇਆ ਦਾ ਅਖਾੜਾ ਹੈ |
| ਪ੍ਰੇਮ ਸਵੈਪਨਾ ਹਨ | ਮਾਇਕੀ ਕੁਲਝਣਾਂ ਹਨ |
| ਰਸ ਰੂਪ ਹੈ | ਫੋਕੀ ਹੈ |
| ਪ੍ਰੇਮ ਖਿੱਚ ਹੈ | ਮਾਇਕੀ ਖਿੱਚ ਹੈ |
| 'ਹੁਕਮ ਰਜਾਈ ਚਲਣਾ' ਹੈ | 'ਆਪ ਮੁਹਾਰੇ' ਹਨ |
| ਨਿਮਰਤਾ ਹੈ | ਅਹੰਕਾਰ ਹੈ |
| ਨਿਰਮਲਤਾ ਹੈ | ਮੈਲ ਹੈ |
| ਆਤਮਿਕ ਖੁਸ਼ਬੋ ਹੈ | ਮਾਇਕੀ ਸੜ੍ਹਿਹਾਂਦ ਹੈ |
| ਸੱਚ ਦਾ ਵਰਤਾਰਾ ਹੈ | ਝੂਠ ਦਾ ਬੋਲਬਾਲਾ ਹੈ |
| ਆਸਤਿਕ ਹਨ | ਨਾਸਤਿਕ ਹਨ |
| ਗੁਰਮੁਖ ਹਨ । | ਮਨਮੁਖ ਹਨ । |

ਇਸ **ਬਿਉਰੇ** ਤੋਂ ਸਾਨੂੰ ਆਪਣੇ ਗਿਲਾਨੀ ਵਾਲੇ ਮਾਇਕੀ ਜੀਵਨ ਦਾ ਅਹਿਸਾਸ ਹੋਣਾ ਚਾਹੀਦਾ ਹੈ ਅਤੇ ਉਚੇ-ਸੁੱਚੇ ਦੈਵੀ ਜੀਵਨ ਵੱਲ **ਪ੍ਰੇਰਨਾ ਅਤੇ ਅਗਵਾਈ** ਮਿਲਦੀ ਹੈ । ਗੁਰਬਾਣੀ ਵਿਚ **'ਸੰਗਤ' ਦੀ ਪਰਖ** ਇਉਂ ਕੀਤੀ ਗਈ ਹੈ —

ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗੁ ॥
ਓਹੁ ਬਿਖਈ ਓਸੁ ਰਾਮ ਕੋ ਰੰਗੁ ॥ (ਪੰਨਾ-੧੯੮)

ਊਤਮ ਸੰਗਤਿ ਊਤਮੁ ਹੋਵੈ ॥
ਗੁਣ ਕਉ ਧਾਵੈ ਅਵਗਣ ਧੋਵੈ ॥ (ਪੰਨਾ-੪੧੪)

ਦੂਜੈ ਭਾਇ ਦੁਸਟਾ ਕਾ ਵਾਸਾ ॥ ਭਉਦੇ ਫਿਰਹਿ ਬਹੁ ਮੋਹ ਪਿਆਸਾ ॥
ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ ॥ (ਪੰਨਾ-੧੦੬੮)

ਮਨਮੁਖ ਸੇਤੀ ਸੰਗੁ ਕਰੇ ਮੁਹਿ ਕਾਲਖ ਦਾਗੁ ਲਗਾਇ ॥
ਮੁਹ ਕਾਲੇ ਤਿਨ੍ ਲੋਭੀਆਂ ਜਾਸਨਿ ਜਨਮੁ ਗਵਾਇ ॥
ਸਤਸੰਗਤਿ ਹਰਿ ਮੇਲਿ ਪ੍ਰਭ ਹਰਿ ਨਾਮੁ ਵਸੈ ਮਨਿ ਆਇ ॥ (ਪੰਨਾ-੧੪੧੭)

ਗੁਰਮੁਖਿ ਸੁਖ ਫਲੁ ਪਿਰਮ ਰਸੁ ਮਨਮੁਖ ਬਦਰਾਹੀ ਬਦਰਾਹਾ ।
**ਮਨਮੁਖ ਟੋਟਾ ਗੁਰਮੁਖ ਲਾਹਾ ॥** (ਵਾ. ਭਾ. ਗੁ. ੧੭/੪)

ਉਪਰਲੀਆਂ ਵਿਚਾਰਾਂ ਤੋਂ ਸਪਸ਼ਟ ਹੁੰਦਾ ਹੈ ਕਿ ਜੀਵ ਲਈ ਆਪਣੇ ਆਪ ਇਹਨਾਂ ਨੀਵੀਆਂ ਰੁਚੀਆਂ ਅਥਵਾ **'ਸੰਸਕਾਰਾਂ' ਨੂੰ ਬਦਲਣਾ ਕਠਿਨ ਹੈ** । ਇਸ ਨੁਕਤੇ ਨੂੰ ਖੋਲ੍ਹ ਕੇ ਹੇਠਾਂ ਦਰਸਾਇਆ ਜਾਂਦਾ ਹੈ —

1. ਅਸੀਂ ਇਸ ਮੌਜੂਦਾ ਜੀਵਨ-ਰੋੜ੍ਹ ਵਿਚ ਇਤਨੇ ਗਲਤਾਨ ਅਥਵਾ ਖੱਚਤ ਹਾਂ ਕਿ ਸਾਨੂੰ ਇਸ ਮਾਇਕੀ ਜੀਵਨ ਦੇ ਦਾਇਰੇ ਤੋਂ ਬਾਹਰ **ਤੱਕਣ ਯਾ ਸੋਚਣ ਦਾ ਖ਼ਿਆਲ ਭੀ ਨਹੀਂ ਆਉਂਦਾ** । ਇਸ ਲਈ ਜਦ ਸਾਨੂੰ ਕਿਸੇ ਹੋਰ ਉਚੇ-ਸੁੱਚੇ ਜੀਵਨ ਬਾਰੇ **ਸੋਝੀ ਹੀ ਨਹੀਂ** ਤਾਂ ਉਸ ਅਨੁਸਾਰ ਜੀਵਨ ਬਦਲਣ, ਢਾਲਣ ਅਤੇ ਬਣਾਉਣ ਦਾ **ਸਵਾਲ ਹੀ ਨਹੀਂ ਉਠਦਾ** ।
2. ਜੇ ਕਿਸੇ ਜੀਵ ਨੂੰ ਉਚੇ-ਸੁੱਚੇ ਦੈਵੀ ਜੀਵਨ ਬਾਰੇ ਦਿਮਾਗੀ **ਸੋਝੀ** ਹੋ ਭੀ ਜਾਵੇ ਤਾਂ ਉਸ ਉਤੇ **ਨਿਸਚਾ ਨਹੀਂ ਆਉਂਦਾ** ਅਤੇ ਨਾ ਲੋੜ ਹੀ ਭਾਸਦੀ ਹੈ । **ਬਿਨਾਂ ਲੋੜ ਤੋਂ** ਉਸ ਪਾਸੇ ਵੱਲ ਮਨ ਵਿਚ ਚਾਉ, ਰੁਚੀ, ਜਗਿਆਸਾ ਅਤੇ **ਰੀਝ ਨਹੀਂ ਉਪਜਦੀ** ।
3. ਕਈ ਜੀਵਾਂ ਨੂੰ **'ਦੈਵੀ ਜੀਵਨ'** ਦਾ ਗਿਆਨ ਭੀ ਹੁੰਦਾ ਹੈ ਪਰ ਉਹ ਆਪਣੀ ਪੁਰਾਣੀ ਮਲੀਨ **ਦ੍ਰਿੜ੍ਹ ਹੋਈ ਸੰਸਕਾਰੀ ਜੀਵਨ ਰੋੜ੍ਹ ਵਿਚ ਹੀ ਰੁੜ੍ਹੀ ਜਾਂਦੇ ਹਨ** ।

   ਕਿਰਤ ਕੀ ਬਾਂਧੀ ਸਭ ਫਿਰੈ ਦੇਖਹੁ ਬੀਚਾਰੀ ॥
   ਏਸ ਨੋ ਕਿਆ ਆਖੀਐ ਕਿਆ ਕਰੇ ਵਿਚਾਰੀ ॥ (ਪੰਨਾ-੩੩੪)

   ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥
   ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥ (ਪੰਨਾ-੧੩੭੬)

4. ਜੇ ਕਿਸੇ ਜੀਵ ਨੂੰ ਉਚੇ-ਸੁੱਚੇ ਦੈਵੀ ਜੀਵਨ ਦੀ ਵਡਿਆਈ ਬਾਬਤ ਗਿਆਨ ਹੋ ਜਾਵੇ ਤਾਂ ਮਾਇਕੀ ਨਿਵਾਣ ਵਾਲੇ ਮਾਰਗ ਨੂੰ ਤਿਆਗ ਕੇ **'ਕਠਿਨ'** ਦੈਵੀ ਮਾਰਗ ਦੀ ਉਚਿਆਈ ਲਈ ਘਾਲਣਾ ਘਾਲਣ ਦਾ ਮਨ ਵਿਚ **ਸਾਹਸ ਯਾ ਉਮਾਹ ਹੀ ਨਹੀਂ ਉਪਜਦਾ**।

5. ਕੁਝ ਜਗਿਆਸੂ ਉਚਾ-ਸੁੱਚਾ ਦੈਵੀ ਜੀਵਨ ਬਣਾਉਣ ਲਈ ਉਦਮ ਤੇ ਘਾਲਣਾ ਭੀ ਕਰਦੇ ਹਨ, ਪਰ ਪੁਰਾਣੇ ਸੰਸਕਾਰ ਇਤਨੇ ਡੂੰਘੇ ਉਤਰੇ ਹੁੰਦੇ ਹਨ ਕਿ ਸ਼ਰਾਬ ਦੇ ਅਮਲੀ ਵਾਂਗੂ, ਦ੍ਰਿੜ੍ਹ ਹੋਏ ਅਥਵਾ ਕਮਾਏ ਹੋਏ ਸੰਸਕਾਰ ਫਿਰ ਸਾਨੂੰ ਉਸੇ ਜੀਵਨ ਰੌੜ੍ਹ ਵਲ ਮੱਲੋਮੱਲੀਂ ਰੋੜ੍ਹ ਦਿੰਦੇ ਹਨ, ਜਿਸ ਕਾਰਨ ਸਾਡੇ **ਸਾਰੇ ਨਿਸਚੇ, ਉਦਮ ਅਥਵਾ ਯਤਨ ਨਿਸਫਲ ਜਾਂਦੇ ਹਨ ।**

6. ਕੁਝ ਜਗਿਆਸੂਆਂ ਨੂੰ ਸਾਧ ਸੰਗਤ ਦੀ ਵਡਿਆਈ ਦਾ ਗਿਆਨ ਅਤੇ ਨਿਸਚਾ ਭੀ ਹੁੰਦਾ ਹੈ ਪਰ **ਪਰਿਵਾਰਿਕ ਬੰਧਨਾਂ** ਦੀ ਵਜਾਹ ਨਾਲ ਉਹਨਾਂ ਨੂੰ ਸਤ ਸੰਗਤ ਅਥਵਾ ਸਾਧ ਸੰਗਤ ਵਿਚ ਆਉਣਾ ਅਤੀ ਕਠਿਨ ਹੋ ਜਾਂਦਾ ਹੈ । ਜਦ ਕਦੇ ਭੀ ਇਹੋ ਜਿਹਾ ਜਗਿਆਸੂ 'ਸਤਸੰਗਤ' ਯਾ ਸਾਧਸੰਗਤ ਵਿਚ ਜਾਣ ਦੀ **ਇੱਛਾ ਜ਼ਾਹਿਰ ਕਰਦਾ ਹੈ** ਤਾਂ ਪਰਿਵਾਰ ਵੱਲੋਂ ਕਿਹਾ ਜਾਂਦਾ ਹੈ —

ਗ੍ਰਹਿਸਤ ਪਾਲਣਾ ਹੀ ਭਗਤੀ ਹੈ
ਨੇਕੀ ਅਤੇ ਸੇਵਾ ਕਰਨੀ ਹੀ ਕਾਫੀ ਹੈ
ਪਰਮਾਰਥ ਵਿਹਲਿਆਂ ਦਾ ਕੰਮ ਹੈ,

ਜਦ ਘਰ ਵਿਚ ਸਿਮਰਨ ਅਤੇ ਬਾਣੀ ਦਾ ਪਾਠ ਹੋ ਸਕਦਾ ਹੈ ਤਾਂ ਘਰ ਦੇ ਕੰਮ ਛੱਡ ਕੇ, ਪੈਸੇ ਖਰਚ ਕਰ ਕੇ, ਸਾਧ ਸੰਗਤ ਵਿਚ ਜਾਣ ਦੀ ਖੇਚਲ ਕਰਨ ਦੀ ਅਤੇ **ਵਕਤ ਦੀ ਬਰਬਾਦੀ ਦੀ ਕੀ ਲੋੜ ਹੈ,** ਇਸ ਤਰ੍ਹਾਂ ਹੋਣਹਾਰ ਜਗਿਆਸੂਆਂ ਦਾ ਉਤਸ਼ਾਹ ਦਬਾਇਆ ਜਾਂਦਾ ਹੈ ਅਤੇ ਐਸਾ ਕਰਨਾ **'ਆਤਮਿਕ ਪਾਪ' ਹੈ ।**

ਗੁਰਬਾਣੀ ਵਿਚ ਇਸ ਉੱਚੇ-ਸੁੱਚੇ ਜੀਵਨ ਦੇ **ਬਿਖਮ ਮਾਰਗ** ਦੀ ਉਚਿਆਈ ਦੀ **ਕਠਿਨਤਾ** ਨੂੰ ਇਉਂ ਬਿਆਨ ਕੀਤਾ ਗਿਆ ਹੈ —

**ਵਾਟ ਹਮਾਰੀ ਖਰੀ ਉਡੀਣੀ ॥** ਖੰਨਿਅਹੁ ਤਿਖੀ ਬਹੁਤੁ ਪਿਈਣੀ ॥
ਉਸੁ ਊਪਰਿ ਹੈ ਮਾਰਗੁ ਮੇਰਾ ॥
ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ॥ (ਪੰਨਾ-੭੯੪)

ਜੋਗੈ ਕਾ ਮਾਰਗੁ ਬਿਖਮੁ ਹੈ ਜੋਗੀ ਜਿਸ ਨੋ ਨਦਰਿ ਕਰੇ ਸੋ ਪਾਏ ॥
ਅੰਤਰਿ ਬਾਹਰਿ ਏਕੋ ਵੇਖੈ ਵਿਚਹੁ ਭਰਮੁ ਚੁਕਾਏ ॥ (ਪੰਨਾ-੯੦੯)

**ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥**
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥
**ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥** (ਪੰਨਾ-੯੧੮)

ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ ॥ (ਪੰਨਾ-੧੧੧੧)

ਮਾਰਗੁ ਬਿਖਮੁ ਡਰਾਵਣਾ ਕਿਉ ਤਰੀਐ ਤਾਰੀ ॥ (ਪੰਨਾ-੧੨੪੮)

ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ ॥
**ਇਕ ਅਵਘਟ ਘਾਟੀ ਰਾਮ ਕੀ** ਤਿਹ ਚੜਿ ਰਹਿਓ ਕਬੀਰ ॥ (ਪੰਨਾ-੧੩੭੩)

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ (ਪੰਨਾ-੧੪੧੨)

ਗੁਰਮੁਖਿ ਮਾਰਗਿ ਚਲਣਾ ਖੰਡੇ ਧਾਰ ਕਾਰ ਨਿਬਹੰਦਾ । (ਵਾ. ਭਾ. ਗੁ. ੨੪/੨੧)

ਇਸ **ਕਠਿਨ ਅਤੇ ਬਿਖਮ ਦੈਵੀ ਮਾਰਗ** ਉਤੇ ਚੱਲਣ ਲਈ ਗੁਰਬਾਣੀ ਵਿਚ 'ਸਤ ਸੰਗਤ' ਅਥਵਾ 'ਸਾਧ ਸੰਗਤ' ਦਾ ਮੇਲ, ਅਗਵਾਈ ਅਤੇ ਸਹਾਇਤਾ ਅਤੀ ਲਾਜ਼ਮੀ ਹੈ ।

ਉਦਾਹਰਣ ਦੇ ਤੌਰ ਤੇ ਬਿਖਮ ਮਾਰਗ ਉਤੇ **'ਕਾਫਲੇ'** ਅਥਵਾ **'ਕਾਰਵਾਂ'** ਦੁਆਰਾ ਸਫਰ ਕਰਨਾ ਨਿਸ਼ੰਕ, ਸੌਖਾ, ਸੁਖਦਾਈ ਅਤੇ ਲਾਭਵੰਦ ਹੁੰਦਾ ਹੈ । ਤਦੇ ਕਠਿਨ ਦੈਵੀ ਮਾਰਗ ਉਤੇ ਚੱਲਣ ਲਈ ਭੀ **'ਸਤਸੰਗਤ' ਅਥਵਾ 'ਸਾਧਸੰਗਤ' ਰੂਪੀ ਕਾਫਲੇ ਦਾ ਆਸਰਾ, ਅਗਵਾਈ ਅਤੇ ਸਹਾਇਤਾ ਦੀ ਅਤੀ ਲੋੜ ਹੈ ।**

ਮਿਲਿ ਸਤਸੰਗਤਿ ਹਰਿ ਗੁਣ ਗਾਏ ਜਗੁ ਭਉਜਲੁ ਦੁਤਰੁ ਤਰੀਐ ਜੀਉ॥
(ਪੰਨਾ-੯੫)

ਸੁਣਿ ਸੁਣਿ ਪੰਥੁ ਡਰਾਉ ਬਹੁਤੁ ਭੈਹਾਰੀਆ ॥
ਮੈ ਤਕੀ ਓਟ ਸੰਤਾਹੁ ਲੇਹੁ ਉਬਾਰੀਆ ॥ (ਪੰਨਾ-੨੪੦)

ਕਰਿ ਸੇਵਹੁ ਪੂਰਾ ਸਤਿਗੁਰੂ ਮੇਰੇ ਲਾਲ ਜੀਉ ਜਮ ਕਾ ਮਾਰਗੁ ਸਾਧੇ ਰਾਮ॥
ਮਾਰਗੁ ਬਿਖੜਾ ਸਾਧਿ ਗੁਰਮੁਖਿ ਹਰਿ ਦਰਗਹ ਸੋਭਾ ਪਾਈਐ ॥ (ਪੰਨਾ-੫੪੨)

ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ ॥
ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ ॥ (ਪੰਨਾ-੮੧੦)

ਸਾਧਸੰਗੇ ਹਰਿ ਨਾਮ ਰੰਗੇ ਸੰਸਾਰੁ ਸਾਗਰੁ ਸਭੁ ਤਰੈ ॥ (ਪੰਨਾ-੯੨੭)

**ਸਾਧਸੰਗਤਿ ਕੀ ਭੀਰ ਜਉ ਪਾਈ**
**ਤਉ ਨਾਨਕ ਹਰਿ ਸੰਗਿ ਮਿਰੀਆ ॥** (ਪੰਨਾ-੧੨੦੯)

ਸਾਧ ਸੰਗਤ ਤੋਂ **ਬਗੈਰ** ਮਾਇਆ ਦੇ **'ਭਉਜਲ ਬਿਖਮ ਅਸਗਾਹ'** ਦੇ ਸਾਗਰ ਵਿਚੋਂ ਤਰਨਾ ਅਸੰਭਵ ਹੈ —

ਖੋਜਤ ਖੋਜਤ ਸੁਨੀ ਇਹ ਸੋਇ ॥
**ਸਾਧਸੰਗਤਿ ਬਿਨੁ ਤਰਿਓ ਨ ਕੋਇ ॥** (ਪੰਨਾ-੩੭੩)

ਡੋਲਿ ਡੋਲਿ ਮਹਾ ਦੁਖੁ ਪਾਇਆ ਬਿਨਾ ਸਾਧੂ ਸੰਗ ॥ (ਪੰਨਾ-੪੦੫)

ਸਾਧਸੰਗਤਿ ਵਿਣੁ ਭਰਮਿ ਭੁਲਾਇਆ ॥ (ਵਾ. ਭਾ. ਗੁ. ੩੯/੧੬)

ਇਸੇ ਕਰਕੇ ਗੁਰਬਾਣੀ ਵਿਚ **'ਸਤਸੰਗਤ'**, **'ਸਾਧ ਸੰਗਤ'** ਅਥਵਾ ਬਖਸ਼ੇ ਹੋਏ ਗੁਰਮੁਖ ਪਿਆਰਿਆਂ ਮਹਾਂਪੁਰਖਾਂ ਦੇ **'ਮੇਲ' ਦੀ ਅਤਿਅੰਤ ਵਡਿਆਈ** ਕੀਤੀ ਗਈ ਹੈ, ਜਿਸ ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ —

ਸੋ ਥਾਨੁ ਸੁਹਾਇਆ ਜੋ ਹਰਿ ਮਨਿ ਭਾਇਆ ॥
ਸਤਸੰਗਤਿ ਬਹਿ ਹਰਿ ਗੁਣ ਗਾਇਆ ॥ (ਪੰਨਾ-੧੧੫)

ਹਮ ਅਪਰਾਧੀ ਰਾਖੇ ਗੁਰ ਸੰਗਤੀ ਉਪਦੇਸੁ ਦੀਓ ਹਰਿ ਨਾਮੁ ਛਡਾਵੈ ॥
(ਪੰਨਾ-੧੬੭)

**ਸੰਤ ਸਭਾ ਕਉ ਸਦਾ ਜੈਕਾਰੁ ॥**
ਹਰਿ ਹਰਿ ਨਾਮੁ ਜਨ ਪ੍ਰਾਨ ਅਧਾਰੁ ॥ (ਪੰਨਾ-੧੯੩)

ਸੰਤ ਸੰਗਿ ਹਰਿ ਮਨਿ ਵਸੈ ॥
ਦੁਖੁ ਦਰਦੁ ਅਨੇਰਾ ਭ੍ਰਮੁ ਨਸੈ ॥ (ਪੰਨਾ-੨੧੧)

ਸਤਸੰਗਤਿ ਮਹਿ ਹਰਿ ਉਸਤਤਿ ਹੈ ਸੰਗਿ ਸਾਧੂ ਮਿਲੇ ਪਿਆਰਿਆ ॥
ਓਇ ਪੁਰਖ ਪ੍ਰਾਣੀ ਧੰਨਿ ਜਨ ਹਰਿ ਉਪਦੇਸੁ ਕਰਹਿ ਪਰਉਪਕਾਰਿਆ ॥
ਹਰਿ ਨਾਮੁ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ
ਹਰਿ ਨਾਮੇ ਜਗੁ ਨਿਸਤਾਰਿਆ ॥ (ਪੰਨਾ-੩੧੧)

**ਜੋ ਹਰਿ ਰਾਤੇ ਸੇ ਜਨ ਪਰਵਾਣੁ ॥**
**ਤਿਨ ਕੀ ਸੰਗਤਿ ਪਰਮ ਨਿਧਾਨੁ ॥** (ਪੰਨਾ-੩੫੩)

ਨਾਨਕ ਭੇਟੇ ਸਾਧ ਜਬ ਹਰਿ ਪਾਇਆ ਮਨ ਮਾਹਿ ॥ (ਪੰਨਾ-੪੫੫)

ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ ॥ (ਪੰਨਾ-੫੦੫)
ਸਾਧ ਸੰਗਿ ਨਾਨਕ ਜਸੁ ਗਾਇਓ ਜੋ ਪ੍ਰਭ ਕੀ ਅਤਿ ਪਿਆਰੀ ॥ (ਪੰਨਾ-੫੦੮)
ਸੁੰਦਰੁ ਸੁਘੜੁ ਸੂਰੁ ਸੋ ਬੇਤਾ ਜੋ ਸਾਧੂ ਸੰਗੁ ਪਾਵੈ ॥
ਨਾਮੁ ਉਚਾਰੁ ਕਰੇ ਹਰਿ ਰਸਨਾ ਬਹੁੜਿ ਨ ਜੋਨੀ ਧਾਵੈ ॥ (ਪੰਨਾ-੫੩੧)
ਸਾਧਸੰਗਤਿ ਕਉ ਵਾਰਿਆ ਭਾਈ ਜਿਨ ਏਕੰਕਾਰ ਅਧਾਰ ॥ (ਪੰਨਾ-੬੦੮)

ਜੈ ਜੈ ਕਾਰੁ ਕਰੈ ਸਭ ਉਸਤਤਿ ਸੰਗਤਿ ਸਾਧ ਪਿਆਰੀ ॥ (ਪੰਨਾ-੬੧੫)

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥**

ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥ (ਪੰ.-੬੪੨)

**ਹਰਿ ਕੇ ਸੰਤ ਪ੍ਰਿਅ ਪ੍ਰੀਤਮ ਪ੍ਰਭ ਕੇ ਤਾ ਕੈ ਹਰਿ ਹਰਿ ਗਾਈਐ ॥**

ਨਾਨਕ ਈਹਾ ਸੁਖੁ ਆਗੈ ਮੁਖ ਊਜਲ ਸੰਗਿ ਸੰਤਨ ਕੈ ਪਾਈਐ ॥ (ਪੰਨਾ-੭੦੦)

ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥ (ਪੰਨਾ-੮੦੯)

ਜਾ ਦਿਨ ਭੇਟੇ ਸਾਧ ਮੋਹਿ ਉਆ ਦਿਨ ਬਲਿਹਾਰੀ ॥
ਤਨੁ ਮਨੁ ਅਪਨੋ ਜੀਅਰਾ ਫਿਰਿ ਫਿਰਿ ਹਉ ਵਾਰੀ ॥ (ਪੰਨਾ-੮੧੦)

ਮਨ ਮਿਲੁ ਸੰਤਸੰਗਤਿ ਸੁਭਵੰਤੀ ॥
ਸੁਨਿ ਅਕਥ ਕਥਾ ਸੁਖਵੰਤੀ ॥ (ਪੰਨਾ-੮੭੭)

**ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ ॥**

ਪਰਸ ਨਪਰਸ ਭਏ ਕੁਬਿਜਾ ਕਉ ਲੈ ਬੈਕੁੰਠਿ ਸਿਧਾਰੇ ॥ (ਪੰਨਾ-੯੮੧)

ਗੁਰ ਕੇ ਸੇਵਕ ਸਤਿਗੁਰ ਪਿਆਰੇ ॥
ਓਇ ਬੈਸਹਿ ਤਖਤਿ ਸੁ ਸਬਦੁ ਵੀਚਾਰੇ ॥
ਤਤੁ ਲਹਹਿ ਅੰਤਰਗਤਿ ਜਾਣਹਿ ਸਤਸੰਗਤਿ ਸਾਚੁ ਵਡਾਈ ਹੇ ॥ (ਪੰ.-੧੦੨੬)

ਸੰਤ ਮੰਡਲ ਮਹਿ ਹਰਿ ਮਨਿ ਵਸੈ ॥
ਸੰਤ ਮੰਡਲ ਮਹਿ ਦੁਰਤੁ ਸਭੁ ਨਸੈ ॥
ਸੰਤ ਮੰਡਲ ਮਹਿ ਨਿਰਮਲ ਰੀਤਿ ॥
ਸੰਤਸੰਗਿ ਹੋਇ ਏਕ ਪਰੀਤਿ ॥ (ਪੰਨਾ-੧੧੪੬)

ਹਉ ਬਲਿ ਬਲਿ ਬਲਿ ਬਲਿ ਸਾਧ ਜਨਾਂ ਕਉ
ਮਿਲਿ ਸੰਗਤਿ ਪਾਰਿ ਉਤਰਿਆ ॥ (ਪੰਨਾ-੧੨੯੪)

ਗੁਰਬਾਣੀ ਦੀਆਂ ਉਪਰਲੀਆਂ ਪੰਗਤੀਆਂ ਵਿਚ **'ਸਤ ਸੰਗਤ' ਅਥਵਾ 'ਸਾਧ ਸੰਗਤ'** ਕਰਨ ਦੇ ਅਨੇਕਾਂ ਗੁਣ ਦਸੇ ਗਏ ਹਨ । ਉਹਨਾਂ ਅਨੁਸਾਰ ਸਤਸੰਗਤ ਅਥਵਾ ਸਾਧ ਸੰਗਤ ਕਰਦਿਆਂ ਹੋਇਆ ਸਾਡੇ ਸਮੁੱਚੇ (over all) **ਜੀਵਨ ਵਿਚ ਤਬਦੀਲੀ ਆਉਣੀ ਚਾਹੀਦੀ ਹੈ** ਅਤੇ ਸਾਡੇ ਰੋਜ਼ਾਨਾ ਜੀਵਨ ਦੇ ਹਰ ਪੱਖ ਵਿਚ ਪਹਿਲਾਂ ਨਾਲੋਂ —

ਉਚੇਰੀ
ਚੰਗੇਰੀ

ਸੁਹਣੇਰੀ

ਦੈਵੀ

ਆਤਮਿਕ

**'ਝਲਕ' ਦਿਖਾਈ ਦੇਣੀ ਚਾਹੀਦੀ ਹੈ ।**

ਅਪ੍ਰਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥
ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥.........
ਆਢ ਆਢ ਕਉ ਫਿਰਤ ਢੂੰਢਤੇ ਮਨ ਸਗਲ ਤ੍ਰਿਸਨ ਬੁਝਿ ਗਈ ॥
**ਏਕੁ ਬੋਲੁ ਭੀ ਖਵਤੋ ਨਾਹੀ ਸਾਧਸੰਗਤਿ ਸੀਤਲਈ ॥** (ਪੰਨਾ-੪੦੨)

ਗੁਰਮੁਖਿ ਹੋਵੈ ਸੁ ਪਲਟਿਆ ਹਰਿ ਰਾਤੀ ਸਾਜਿ ਸੀਗਾਰਿ ॥ (ਪੰਨਾ-੭੮੫)

ਅਨ ਤੇ ਟੂਟੀਐ ਰਿਖ ਤੇ ਛੂਟੀਐ ॥
**ਮਨ ਹਰਿ ਰਸ ਘੂਟੀਐ ਸੰਗਿ ਸਾਧੂ ਉਲਟੀਐ ॥** (ਪੰਨਾ-੮੩੦)

ਇਸ ਤਰ੍ਹਾਂ ਉੱਚੀ-ਸੁੱਚੀ ਦੈਵੀ ਭਾਵਨਾ ਅਤੇ **'ਜੀਵਨ-ਛੋਹ' ਵਾਲੀ ਸੰਗਤ ਨਾਲ 'ਮੇਲ ਜੋਲ' ਅਥਵਾ 'ਸੰਗ' ਕਰਕੇ** ਸਾਡੇ ਮਨ ਦੀ ਨੀਵੀਂ ਮਲੀਨ ਭਾਵਨਾ ਦੀ ਰੰਗਤ ਅਥਵਾ ਅਉਗਣ ਸਹਿਜੇ-ਸਹਿਜੇ ਘਟਦੇ ਜਾਣਗੇ ਅਤੇ **ਉਹਨਾਂ ਅਉਗਣਾਂ ਦੀ ਥਾਂ-ਦੈਵੀ ਗੁਣਾਂ ਦਾ ਪ੍ਰਵੇਸ਼ ਹੁੰਦਾ ਜਾਵੇਗਾ ।**

ਦੂਜੇ ਲਫ਼ਜ਼ਾਂ ਵਿਚ ਸਤਸੰਗਤ ਅਥਵਾ ਸਾਧ ਸੰਗਤ ਕਰਦਿਆਂ ਹੋਇਆਂ ਸਾਡੇ ਜੀਵਨ ਵਿਚ ਹੇਠਲੇ **ਗੁਣਾਂ** ਦਾ ਪ੍ਰਵੇਸ਼ ਹੋਣਾ ਲਾਜ਼ਮੀ ਹੈ —

ਸਤ

ਸੰਤੋਖ

ਦਇਆ

ਏਕਤਾ

ਖ਼ਿਮਾ

ਗ਼ਰੀਬੀ

ਪਿਆਰ

ਇਤਿਫ਼ਾਕ

ਰਵਾਦਾਰੀ

ਸੇਵਾ ਭਾਵ

ਪਰਉਪਕਾਰ

ਮਿੱਤਰਤਾ

ਸ਼ਾਂਤੀ

ਹਮਦਰਦੀ

ਧੀਰਜ

ਵਿਸ਼ਵਾਸ

ਵਿਸ਼ਾਲਤਾ

ਨਿਮਰਤਾ

ਭਾਣਾ

ਗਿਆਨ

ਆਸਤਿਕਤਾ

ਈਮਾਨਦਾਰੀ

ਮਿਲਵਰਤਣ

ਕੁਰਬਾਨੀ

ਆਪਾ ਵਾਰਨਾ

ਪ੍ਰੀਤ

ਪ੍ਰੇਮ

ਰਸ

ਚਾਉ, ਆਦਿ ।

ਜੇ **ਇਸ ਦੇ ਉਲਟ** ਸਾਡੇ ਰੋਜ਼ਾਨਾ ਜੀਵਨ ਦੇ ਹਰ ਪੱਖ ਵਿਚ **ਕੋਈ ਤਬਦੀਲੀ ਨਾ ਆਵੇ** ਅਤੇ ਅਸੀਂ ਆਪਣੇ ਪੁਰਾਣੀ ਜੀਵਨ ਰੋੜ੍ਹ ਦੇ **ਵਹਾਉ ਵਿਚ ਹੀ** –

ਈਰਖਾ

ਦਵੈਤ

ਵੈਰ

ਵਿਰੋਧ

ਨਿੰਦਾ

ਚੁਗਲੀ

ਸਾੜਾ

ਕੁਲਝਣਾ

ਦੁੱਖ

ਕਲੇਸ਼

ਵਿਸ਼ੇ-ਵਿਕਾਰ

ਝੂਠ

ਡਰ

ਫ਼ਰੇਬ

ਚਿੰਤਾ

ਸ਼ੱਕ

ਬੇਈਮਾਨੀ

ਖ਼ੁਦਗਰਜ਼ੀ

ਹਉਮੈ

ਮੈਂ-ਮੇਰੀ

ਦੂਜਾ ਭਾਉ

ਖਿਚੋਤਾਣ

ਲੜਾਈਆਂ

ਝਗੜੇ

ਤਅਸੁੱਬ

ਨਫ਼ਰਤ

ਬਦਲਾ

ਕਾਮ

ਕ੍ਰੋਧ

ਲੋਭ

ਮੋਹ

ਅਹੰਕਾਰ

ਆਦਿ ਵਿਚ **ਰੁੜ੍ਹੇ ਜਾਂਦੇ ਹਾਂ**, ਤਾਂ **ਇਸ ਦੀ ਵਜਾਹ** ਇਹ ਹੈ ਕਿ –

1. ਉਹ ਸੰਗਤ **'ਸਤ'** ਯਾ **ਆਤਮਿਕ ਭਾਵਾਂ ਵਾਲੀ ਨਹੀਂ ਹੈ**, ਦਿਖਾਵੇ ਦੀ **'ਅਖੌਤੀ ਸੰਗਤ'** ਹੈ ਜਾਂ ਐਵੇਂ ਹਉਮੈ ਦੀ ਢੀਠਤਾਈ ਵਿਚ 'ਠਾਠਾ-ਬਾਗਾ' ਹੀ ਹੈ।

2. ਅਸੀਂ ਉੱਚੀ-ਸੁੱਚੀ ਆਤਮਿਕ ਸੰਗਤ ਵਿਚ **'ਭਰੇ-ਪੀਤੇ'** ਹਉਮੈ ਦੀ ਪਾਣ ਚਾੜ੍ਹ ਕੇ ਭਲੇ-ਭਲੇਰੇ, ਗਿਆਨੀ, ਧਿਆਨੀ ਅਤੇ ਅਫਲਾਤੂਨ **ਬਣ ਕੇ ਸੰਗਤ ਵਿਚ ਜਾਂਦੇ ਹਾਂ** ਅਤੇ **'ਆਤਮਿਕ ਲਾਹਾ' ਲੈਣ ਯਾ 'ਲੇਵਾ-ਦੇਵੀ' ਕਰਨ ਦੀ ਬਜਾਏ** ਉਥੇ **'ਆਲੋਚਕ'** (sanitary inspector) ਬਣ ਕੇ ਇਕ ਦੂਜੇ ਦੀ –

ਟੋਕ-ਟੁਕਾਈ ਕਰਦੇ

ਨੁਕਤਾ ਚੀਨੀ ਕਰਦੇ

ਵਾਦ ਵਿਵਾਦ ਕਰਦੇ

ਛਿਦ੍ਰ ਫੋਲਦੇ
ਫ਼ਤਵੇ ਲਾਉਂਦੇ
ਹੋਏ ਆਪਣੀ 'ਹਉਮੈ' ਨੂੰ ਪੱਠੇ ਪਾਉਂਦੇ ਹਾਂ ।

ਇਸ ਤਰ੍ਹਾਂ ਸੰਗਤ ਵਿਚੋਂ **'ਲਾਹਾ' ਲੈਣ ਦੀ ਬਜਾਏ 'ਤੋਟਾ' ਖੱਟ ਕੇ ਆਉਂਦੇ ਹਾਂ ।**

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥ (ਪੰਨਾ-੭੮੯)

ਜਿਹਵਾ ਰੰਗਿ ਨਹੀ ਹਰਿ ਰਾਤੀ ਜਬ ਬੋਲੈ ਤਬ ਫੀਕੇ ॥
ਸੰਤ ਜਨਾ ਕੀ ਨਿੰਦਾ ਵਿਆਪਸਿ ਪਸੂ ਭਏ ਕਦੇ ਹੋਹਿ ਨਾ ਨੀਕੇ ॥
(ਪੰਨਾ-੧੧੨੬)

**ਸੰਤਸੰਗਿ ਕਰਹਿ ਜੋ ਬਾਦੁ ॥**
**ਤਿਨ ਨਿੰਦਕ ਨਾਹੀ ਕਿਛੁ ਸਾਦੁ ॥** (ਪੰਨਾ-੧੧੪੫)

**ਕਾਥੂਰੀ ਕੋ ਗਾਹਕੁ ਆਇਓ ਲਾਦਿਓ ਕਾਲਰ ਬਿਰਖ ਜਿਵਹਾ ॥੧॥**
ਆਇਓ ਲਾਭੁ ਲਾਭਨ ਕੈ ਤਾਈ
ਮੋਹਨਿ ਠਾਗਉਰੀ ਸਿਉ ਉਲਝਿ ਪਹਾ ॥ (ਪੰਨਾ-੧੨੦੩)

3. ਸਾਡਾ ਜੀਵਨ ਮਾਇਕੀ ਰੰਗਤ ਵਾਲਾ ਹੋਣ ਕਰਕੇ ਅਸੀਂ 'ਸੰਗਤ' ਵਿਚ ਭੀ ਕਿਸੇ ਨ ਕਿਸੇ ਮਾਇਕੀ 'ਗਰਜ਼' ਦੀ ਪੂਰਤੀ ਲਈ ਹੀ ਜਾਂਦੇ ਹਾਂ । ਜੇ ਸਾਡੀ ਮਾਇਕੀ ਗਰਜ਼ ਦੀ ਪੂਰਤੀ ਨਾ ਹੋਵੇ ਤਾਂ ਸਾਡਾ ਓਪਰਾ ਜਿਹਾ ਵਿਸ਼ਵਾਸ ਯਾ ਮਾੜੀ ਮੋਟੀ ਸ਼ਰਧਾ ਭੀ ਉੱਡ-ਪੁੱਡ ਜਾਂਦੀ ਹੈ । ਇਸ ਤਰ੍ਹਾਂ ਅਸੀਂ ਸੰਗਤ ਤੋਂ ਭੀ ਅਸ਼ਰਧਕ ਹੋ ਕੇ ਬੇਮੁਖ ਹੋ ਜਾਂਦੇ ਹਾਂ ਅਤੇ ਦੈਵੀ 'ਸਤਸੰਗਤ' ਅਥਵਾ 'ਸਾਧ ਸੰਗਤ' ਦੇ **ਲਾਹੇ ਤੋਂ ਭੀ ਵਾਂਝੇ ਰਹਿੰਦੇ ਹਾਂ ।**

4. 'ਅਖੌਤੀ ਸੰਗਤ' ਦੇ ਅਸਰ ਹੇਠ **ਪਰਮਾਰਥਕ ਜੀਵਨ-ਸੇਧ ਗਲਤ ਹੋਣ ਕਾਰਨ** ਅਸੀਂ ਕਈ ਕਿਸਮ ਦੇ –

ਫੋਕੇ ਕਰਮ-ਕਾਂਡਾਂ
ਸੁੱਕੀ ਜੋਗ ਸਾਧਨਾ
ਨਿਉਲੀ ਕਰਮ
ਹਠ ਯੋਗ
ਤਾਂਤ੍ਰਿਕ ਜੋਗ
ਜੰਤ੍ਰ-ਮੰਤ੍ਰ
ਜਾਦੂ
ਕ੍ਰਿਸ਼ਮੇ

ਭੂਤ-ਪ੍ਰੇਤ ਵਸੀਕਰਣ
ਬਲੀ ਦੇਣੀ
ਰਿੱਧੀਆਂ-ਸਿੱਧੀਆਂ
ਭਵਿੱਖ ਬਾਣੀ
ਤੀਰਥ ਯਾਤਰਾ

**ਆਦਿ ਦੇ ਭੰਬਲ-ਭੂਸਿਆਂ ਵਿਚ ਹੀ ਫਸੇ ਰਹਿੰਦੇ ਹਾਂ** ਤੇ ਸੱਚੇ-ਸੁੱਚੇ ਆਤਮਿਕ ਮਾਰਗ ਤੋਂ **ਵਾਂਝੇ ਰਹਿੰਦੇ ਹਾਂ ।**

ਜੋਗੀ ਜਤੀ ਤਪੀ ਸੰਨਿਆਸੀ ਬਹੁ ਤੀਰਥ ਭ੍ਰਮਨਾ ॥
ਲੁੰਜਿਤ ਮੁੰਜਿਤ ਮੋਨਿ ਜਟਾਧਰ ਅੰਤਿ ਤਊ ਮਰਨਾ ॥.........
ਆਗਮ ਨਿਰਗਮ ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ ॥
ਤੰਤ ਮੰਤ੍ਰ ਸਭ ਅਉਖਧ ਜਾਨਹਿ ਅੰਤਿ ਤਊ ਮਰਨਾ ॥ (ਪੰਨਾ-੪੭੬)

ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗ ਗਰੇ ਲਟਕਾਇਓ ॥
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸੁ ਨਿਵਾਇਓ ॥
ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥
ਕੂਰ ਕ੍ਰਿਆ ਉਰਝਿਓ ਸਭਹੀ ਜਗ
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥ (ਸਵੱਯੇ ਪਾ: ੧੦)

ਨਾਟਕ ਚੇਟਕ ਕੀਏ ਕੁਕਾਜਾ ॥
ਪ੍ਰਭ ਲੋਗਨ ਕਹ ਆਵਤ ਲਾਜਾ ॥ (ਬ. ਨਾ. ਪਾ: ੧੦)

ਜਪ ਤਪ ਸੰਜਮ ਹੋਮ ਜਗ ਕਰਮ ਧਰਮ ਕਰਿ ਦਾਨ ਕਰਾਏ ।
ਨਿਰੰਕਾਰ ਨ ਪਛਾਣਿਆ ਸਾਧਸੰਗਤਿ ਦਸੈ ਨ ਦਸਾਏ ।
ਸੁਣਿ ਸੁਣਿ ਆਖਣੁ ਆਖਿ ਸੁਣਾਏ ॥ (ਵਾ. ਭਾ. ਗੁ. ੩੯/੧੪)

ਜਿਨ੍ਹਾਂ ਚਿਰ ਸਾਨੂੰ ਸੰਗਤ ਵਿਚ —
ਉਚੇਰੀ
ਚੰਗੇਰੀ
ਸੁਹਣੇਰੀ
ਸੁਖਦਾਈ
ਕਲਿਆਣਕਾਰੀ
ਦੈਵੀ
ਆਤਮਿਕ

'ਜੀਵਨ ਸੇਧ' ਦੀ ਬਾਬਤ ਸੋਝੀ, ਗਿਆਨ ਅਤੇ **ਨਿਸਚਾ ਨਾ ਆਵੇ ਤੇ ਲੋੜ ਨਾ ਭਾਸੇ** — ਉਨ੍ਹਾਂ ਚਿਰ ਅਸੀਂ ਆਪਣੀ ਪੁਰਾਣੀ 'ਜੀਵਨ ਰੌੜ੍ਹ' ਨੂੰ ਛੱਡਣ ਅਥਵਾ **ਤਿਆਗਣ ਲਈ ਤਿਆਰ ਨਹੀਂ ਹੁੰਦੇ** ਅਤੇ ਉਸ ਲਈ ਕੋਈ ਸੋਚ, ਉਦਮ ਅਤੇ ਘਾਲਣਾ ਨਹੀਂ ਕਰ ਸਕਦੇ ।

ਇਹ ਉੱਚੀ-ਸੁੱਚੀ ਕਲਿਆਣਕਾਰੀ ਆਤਮਿਕ 'ਜੀਵਨ-ਸੇਧ' ਦੀ ਸੋਝੀ, ਗਿਆਨ ਅਤੇ ਨਿਸਚਾ **'ਸ਼ਬਦ-ਸੁਰਤ' ਵਿਚ ਪ੍ਰੋਤੀ ਹੋਈ ਜੀਉਂਦੀ-ਜਾਗਦੀ 'ਆਤਮ-ਛੋਹ' ਵਾਲੀ ਸਤਸੰਗਤ ਅਥਵਾ ਸਾਧ ਸੰਗਤ ਵਿਚੋਂ ਹੀ ਉਪਜਦਾ ਤੇ ਦ੍ਰਿੜ੍ਹ ਹੋ ਸਕਦਾ ਹੈ ।**

ਸਾਡਾ ਗਿਲਾਨੀ ਵਾਲਾ ਜੀਵਨ ਯਾ ਸ਼ਖਸੀਅਤ ਬੇਅੰਤ ਜਨਮਾਂ ਦੇ ਖ਼ਿਆਲਾਂ, ਕਰਮਾਂ ਅਤੇ ਕੁਸੰਗਤ ਦਾ **ਸਮੁੱਚਾ 'ਸੰਗ੍ਰਹਿ' ਅਤੇ 'ਨਤੀਜਾ' ਹੈ ।** ਇਸ ਲਈ ਮਾਨਸਿਕ ਜੀਵਨ ਦੀ ਤਬਦੀਲੀ ਲਈ ਭੀ **ਬੇਅੰਤ ਸਮੇਂ ਤੱਕ ਲਗਾਤਾਰ 'ਸਤਸੰਗਤ' ਅਥਵਾ 'ਸਾਧਸੰਗਤ' ਕਰਨ ਦੀ ਲੋੜ ਹੈ ।**

ਬਖਸ਼ੇ ਹੋਏ ਗੁਰਮੁਖ ਪਿਆਰੇ ਆਤਮਿਕ ਜੀਵਨ ਵਾਲੇ **ਮਹਾਂਪੁਰਖਾਂ ਦੀ 'ਸੰਗਤ' ਅਤੇ 'ਸੇਵਾ' ਦੁਆਰਾ ਇਹ ਆਤਮਿਕ ਤਬਦੀਲੀ ਸ਼ੀਘਰ ਅਤੇ ਸੌਖੀ ਹੋ ਸਕਦੀ ਹੈ ।**

ਚਲਦਾ............

©ਸਭ ਹੱਕ ਰਾਖਵੇਂ ਹਨ ।

ਏਸੇ ਕਲਮ ਦੇ ਲਿਖੇ ਹੋਏ ਗੁਰਬਾਣੀ ਵਿਚਾਰ ਦੀ ਲੜੀ ਵਿੱਚ ਅੱਡ-ਅੱਡ ਵਿਸ਼ਿਆਂ ਤੇ 132 ਲੇਖ (13 ਕਿਤਾਬਾਂ) ਹਨ। ਇਨ੍ਹਾਂ ਲੇਖਾਂ ਦਾ ਹਿੰਦੀ ਤਰਜਮਾ ਵੀ ਮਿਲਦਾ ਹੈ। ਪੰਜ ਲੇਖ ਅੰਗਰੇਜ਼ੀ ਵਿੱਚ ਹਨ।

ਕੀਰਤਨ ਅਤੇ ਨਾਮ-ਅਭਿਆਸ ਕਮਾਈ ਦੇ ਅੱਠ ਦਿਨਾਂ ਜਪ-ਤਪ ਸਮਾਗਮ, ਗੁਰਦੁਆਰਾ ਸਾਹਿਬ ਬ੍ਰਹਮ-ਬੁੰਗਾ, ਪਿੰਡ **ਦੋਦੜਾ** ਵਿਖੇ ਮਾਰਚ, ਸਤੰਬਰ ਅਤੇ ਦਸੰਬਰ (20-30) ਵਿੱਚ ਅਤੇ ਜੂਨ ਵਿੱਚ ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਹਰ ਸਾਲ ਹੁੰਦੇ ਹਨ। ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਪੰਦਰਾਂ ਦਿਨਾਂ ਬਾਅਦ ਵੀ ਸਮਾਗਮ ਹੁੰਦਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਇਲਾਕਿਆਂ ਦੀਆਂ ਸੰਗਤਾਂ ਦੀ ਮੰਗ ਅਨੁਸਾਰ 15-15 ਦਿਨਾਂ ਦੇ ਅਰਸੇ ਬਾਅਦ, ਦੋ ਦਿਨਾਂ ਸਮਾਗਮ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਹੁੰਦੇ ਹਨ। ਹਫ਼ਤਾਵਾਰੀ ਸਮਾਗਮ ਵੀ ਵੱਖ-ਵੱਖ ਥਾਵਾਂ ਤੇ ਸਥਾਨਕ ਸੰਗਤਾਂ ਵੱਲੋਂ ਹੁੰਦੇ ਹਨ।

**ਪਿੰਡ ਦੋਦੜਾ, ਬੁਢਲਾਡਾ-ਸੁਨਾਮ, ਬਰਾਸਤਾ (ਵਾਇਆ) ਜਖੇਪਲ** ਲਿੰਕ ਰੋਡ ਤੇ ਹੈ। ਚਾਹਵਾਨ ਸੱਜਣ ਇਹ ਲੇਖ ਅਤੇ ਸਮਾਗਮਾਂ ਦਾ ਵੇਰਵਾ ਹੇਠ ਲਿਖੇ ਪਤੇ ਤੋਂ ਪ੍ਰਾਪਤ ਕਰ ਸਕਦੇ ਹਨ :-

**Website : www.brahmbungadodra.org**
**E-mail : info@brahmbungadodra.org**

**ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ**
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 073074-55097, 01652-255097, 99149-55098

**❖ ਸ਼ਾਖਾ ❖**

**ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ** (ਦੋਦੜਾ)
ਦੱਖਣੀ ਬਾਈ ਪਾਸ, **ਦੋਰਾਹਾ**
ਜ਼ਿਲ੍ਹਾ ਲੁਧਿਆਣਾ, ਪੰਜਾਬ
ਫੋਨ : 073074-55098, 01628-258697, 099149-55098

**❖ ਪ੍ਰਕਾਸ਼ਕ ❖**

ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.)
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 73074-55096

www.**Harjit**PrintingPress.com S.C.F. 83, Phase 5, SAS Nagar (Mohali). Phones : +91-172-2226297, 5098297